**LANGUAGE RIGHTS** **Voter Hotline: 1-888-API-VOTE**

ASIAN AMERICANS ADVANCING JUSTICE AAJC




*Bilingual assistance is available in Bengali/Bangla (বাংলা), Cantonese (廣東話), English, Hindi (हिंदी), Korean (한국어), Mandarin (普通話), Punjabi (ਪੰਜਾਬੀ), Tagalog, Urdu (اردو), and Vietnamese (tiếng Việt)*




# ਤੁਹਾਨੂੰ ਵੋਟਿੰਗ ਬੂਥ ਵਿੱਚ ਸਹਾਇਤਾ ਪਾਉਣ ਦਾ ਅਧਿਕਾਰ ਹੈ

### ਕੀ ਤੁਸੀ ਜਾਣਦੇ ਹੋ?

- ਤੁਸੀਂ ਆਪਣੀ ਵੋਟ ਪਾਉਣ ਵਿੱਚ ਮਦਦ ਕਰਨ ਲਈ ਪਰਿਵਾਰ ਦੇ ਕਿਸੇ ਮੈਂਬਰ, ਕਿਸੇ ਗੁਆਂਢੀ – ਤੁਹਾਡੇ ਭਾਈਚਾਰੇ ਦੇ ਲਗਭਗ ਕਿਸੇ ਵੀ ਵਿਅਕਤੀ ਨੂੰ ਜਿਸ 'ਤੇ ਤੁਸੀਂ ਭਰੋਸਾ ਕਰਦੇ ਹੋ – ਲਿਆ ਸਕਦੇ ਹੋ।

## ਮੈਂ ਖ਼ੁਦ ਵੋਟ ਪਾਉਣ ਨੂੰ ਲੈ ਕੇ ਸਹਿਜ ਨਹੀਂ ਹਾਂ। ਕੀ ਮੈਂ ਵੋਟਿੰਗ ਬੂਥ ਵਿੱਚ ਵੋਟ ਪਾਉਣ ਵਿੱਚ ਮੇਰੀ ਮਦਦ ਕਰਨ ਲਈ ਕਿਸੇ ਨੂੰ ਆਪਣੇ ਨਾਲ ਲਿਆ ਸਕਦਾ/ਸਕਦੀ ਹਾਂ?

ਹਾਂ। ਤੁਹਾਡੇ ਕੋਲ ਤੁਹਾਡੀ ਮਦਦ ਕਰਨ ਲਈ ਕਿਸੇ ਵਿਅਕਤੀ ਨੂੰ ਵੋਟਿੰਗ ਬੂਥ ਵਿੱਚ ਲਿਆਉਣ ਦਾ ਅਧਿਕਾਰ ਹੈ। ਇਹ ਵਿਅਕਤੀ ਕੋਈ ਦੋਸਤ, ਰਿਸ਼ਤੇਦਾਰ, ਜਾਂ ਕੋਈ ਹੋਰ ਵਿਅਕਤੀ ਹੋ ਸਕਦਾ ਹੈ ਜਿਸ 'ਤੇ ਤੁਸੀਂ ਭਰੋਸਾ ਕਰਦੇ ਹੋ। ਇਹ ਸਿਰਫ਼ ਤੁਹਾਡਾ ਬੌਸ ਜਾਂ ਤੁਹਾਡੀ ਮਜ਼ਦੂਰ ਯੂਨੀਅਨ ਦਾ ਪ੍ਰਤੀਨਿਧੀ ਨਹੀਂ ਹੋ ਸਕਦਾ।

## ਕਿਹੜਾ ਕਾਨੂੰਨ ਮੈਨੂੰ ਇਹ ਹੱਕ ਦਿੰਦਾ ਹੈ?

ਵੋਟਿੰਗ ਰਾਈਟਸ ਐਕਟ (VRA) ਦੀ ਧਾਰਾ 208 ਹਰੇਕ ਵੋਟਰ ਨੂੰ ਆਪਣੀ ਪਸੰਦ ਦੇ ਕਿਸੇ ਵਿਅਕਤੀ ਨੂੰ ਵੋਟਿੰਗ ਬੂਥ ਵਿੱਚ ਲਿਆਉਣ ਦਾ ਅਧਿਕਾਰ ਦਿੰਦੀ ਹੈ ਜੇਕਰ ਉਹਨਾਂ ਨੂੰ ਵੋਟਿੰਗ ਵਿੱਚ ਮਦਦ ਦੀ ਲੋੜ ਹੁੰਦੀ ਹੈ।

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੈਨੂੰ ਇਸ ਕਾਨੂੰਨ ਤੋਂ ਲਾਭ ਹੋ ਸਕਦਾ ਹੈ?

ਜੇਕਰ ਤੁਹਾਡੀ ਮੂਲ ਭਾਸ਼ਾ ਅੰਗਰੇਜ਼ੀ ਨਹੀਂ ਹੈ ਅਤੇ ਤੁਹਾਨੂੰ ਅੰਗਰੇਜ਼ੀ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ, ਤਾਂ ਤੁਸੀਂ ਇਸ ਕਾਨੂੰਨ ਦੀ ਵਰਤੋਂ ਕਰ ਸਕਦੇ ਹੋ। ਤੁਸੀਂ ਇਸ ਕਾਨੂੰਨ ਦੀ ਵਰਤੋਂ ਤਾਂ ਵੀ ਕਰ ਸਕਦੇ ਹੋ ਜੇਕਰ ਤੁਸੀਂ ਨੇਤਰਹੀਣ ਹੋ ਜਾਂ ਤੁਹਾਡੀ ਨਿਗ੍ਹਾ ਖ਼ਰਾਬ ਹੈ, ਤੁਸੀਂ ਅਪਾਹਜ ਹੋ, ਜਾਂ ਤੁਹਾਨੂੰ ਪੜ੍ਹਨ ਜਾਂ ਲਿਖਣ ਵਿੱਚ ਮੁਸ਼ਕਲ ਆਉਂਦੀ ਹੈ।

## ਮੈਨੂੰ ਚੋਣ ਦਿਵਸ 'ਤੇ ਕੀ ਕਰਨ ਦੀ ਲੋੜ ਹੈ ਤਾਂ ਜੋ ਕੋਈ ਮੇਰੀ ਵੋਟ ਪਾਉਣ ਵਿੱਚ ਮਦਦ ਕਰੇ?

ਤੁਹਾਡੀ ਮਦਦ ਕਰਨ ਵਾਲੇ ਵਿਅਕਤੀ ਨੂੰ ਵੋਟ ਪਾਉਣ ਵਾਲੀ ਜਗ੍ਹਾ 'ਤੇ ਲੈ ਜਾਓ। ਚੋਣ ਅਧਿਕਾਰੀਆਂ ਨੂੰ ਦੱਸੋ ਕਿ ਤੁਸੀਂ ਇਸ ਵਿਅਕਤੀ ਨੂੰ ਵੋਟ ਪਾਉਣ ਵਿੱਚ ਤੁਹਾਡੀ ਮਦਦ ਕਰਨ ਲਈ ਚੁਣਿਆ ਹੈ। ਤੁਹਾਨੂੰ ਇੱਕ ਫਾਰਮ ਭਰਨਾ ਪਵੇਗਾ ਅਤੇ ਦਸਤਖ਼ਤ ਕਰਨੇ ਪੈਣਗੇ ਜਿਸ ਵਿੱਚ ਲਿਖਿਆ ਹੋਵੇਗਾ ਕਿ ਤੁਹਾਨੂੰ ਅੰਗਰੇਜ਼ੀ ਬੋਲਣ, ਪੜ੍ਹਨ, ਲਿਖਣ ਜਾਂ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ ਅਤੇ ਤੁਸੀਂ ਇਸ ਵਿਅਕਤੀ ਨੂੰ ਤੁਹਾਡੀ ਮਦਦ ਕਰਨ ਲਈ ਕਿਹਾ ਹੈ।

*1-888-API-VOTE:* ***ਚੋਣ ਦਿਵਸ 'ਤੇ ਭਾਸ਼ਾ ਸੰਬੰਧੀ ਮਦਦ ਲਈ ਕਾਲ ਕਰੋ***

*ਸੀਮਤ ਅੰਗਰੇਜ਼ੀ ਬੋਲਣ ਵਾਲੇ ਵੋਟਰਾਂ ਲਈ ਵੋਟਿੰਗ ਪਹੁੰਚ ਬਾਰੇ ਹੋਰ ਜਾਣਕਾਰੀ ਲਈ,*

*ਕਿਰਪਾ ਕਰਕੇ ਵੇਖੋ: www.advancingjustice-aajc.org/language-rights.*

ਤੁਹਾਡੀ ਮਦਦ ਕਰਨ ਵਾਲੇ ਵਿਅਕਤੀ ਨੂੰ ਇੱਕ ਫਾਰਮ 'ਤੇ ਦਸਤਖ਼ਤ ਕਰਨੇ ਪੈਣਗੇ ਜਿਸ ਵਿੱਚ ਇਹ ਸਹੁੰ ਚੁੱਕੀ ਜਾਂਦੀ ਹੈ ਕਿ ਉਸ ਨੇ ਤੁਹਾਨੂੰ ਇਹ ਨਹੀਂ ਦੱਸਿਆ ਕਿ ਵੋਟ ਕਿਵੇਂ ਪਾਉਣੀ ਹੈ।

## ਜੇਕਰ ਉਹ ਮੈਨੂੰ ਵੋਟਿੰਗ ਬੂਥ ਵਿੱਚ ਆਪਣੇ ਨਾਲ ਕਿਸੇ ਨੂੰ ਲਿਆਉਣ ਦੀ ਇਜਾਜ਼ਤ ਨਹੀਂ ਦਿੰਦੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਕੁਝ ਚੋਣ ਅਧਿਕਾਰੀਆਂ ਨੂੰ VRA ਦੀ ਧਾਰਾ 208 ਬਾਰੇ ਜਾਣਕਾਰੀ ਨਹੀਂ ਹੁੰਦੀ। ਜੇਕਰ ਤੁਸੀਂ ਕਿਸੇ ਨੂੰ ਆਪਣੀ ਮਦਦ ਲਈ ਲਿਆਉਂਦੇ ਹੋ ਅਤੇ ਕੋਈ ਚੋਣ ਅਧਿਕਾਰੀ ਉਹਨਾਂ ਨੂੰ ਤੁਹਾਡੀ ਮਦਦ ਨਹੀਂ ਕਰਨ ਦਿੰਦਾ, ਤਾਂ ਚੋਣ ਅਧਿਕਾਰੀ ਨੂੰ ਇਹ ਫਲਾਇਰ ਦਿਖਾਓ। ਜੇਕਰ ਚੋਣ ਅਧਿਕਾਰੀ ਫਿਰ ਵੀ ਉਸ ਵਿਅਕਤੀ ਨੂੰ ਵੋਟ ਪਾਉਣ ਵਿੱਚ ਤੁਹਾਡੀ ਮਦਦ ਨਹੀਂ ਕਰਨ ਦਿੰਦਾ, ਤਾਂ ਪੋਲਿੰਗ ਸਥਾਨ 'ਤੇ ਸਭ ਤੋਂ ਉੱਚ ਦਰਜੇ ਦੇ ਅਧਿਕਾਰੀ ਨਾਲ ਗੱਲ ਕਰੋ ਜਾਂ ਸਾਡੀ ਹੌਟਲਾਈਨ 'ਤੇ ਕਾਲ ਕਰੋ: **1-888-API-VOTE**.

**LANGUAGE RIGHTS**

**Voter Hotline: 1-888-API-VOTE**

ASIAN AMERICANS ADVANCING JUSTICE AAJC




*Bilingual assistance is available in Bengali/Bangla (বাংলা), Cantonese (廣東話), English, Hindi (हिंदी), Korean (한국어), Mandarin (普通話), Punjabi (ਪੰਜਾਬੀ), Tagalog, Urdu (اردو), and Vietnamese (tiếng Việt)*




# You Have the Right to Assistance in the Voting Booth

## I'm not comfortable voting by myself. Can I bring someone with me into the voting booth to help me vote?

Yes. You have the right to bring someone into the voting booth to help you. This person can be a friend, relative, or someone else you trust. It only cannot be your boss or a representative of your labor union.

## What law gives me this right?

Section 208 of the Voting Rights Act (VRA) gives every voter the right to bring someone of their choice into the voting booth if they need help voting.

### Did you know?

- You can bring a family member, a neighbor – nearly anyone you trust in your community – to help you cast your vote.

## How do I know if I can benefit from this law?

If your native language is not English and you have difficulty understanding English, you can use this law. You can also use this law if you are blind or do not see well, have a disability, or have trouble reading or writing.

## What do I need to do on Election Day to have someone help me to vote?

Take the person who will help you to the voting place. Tell the election officials that you have chosen this person to help you with voting. You may be required to complete and sign a form that says you have difficulty speaking, reading, writing or understanding English and have asked this person to help you. The person helping you may also be required to sign a form swearing that he or she did not tell you how to vote.

## What should I do if they do not allow me to bring someone with me into the voting booth?

Some election officials do not know about section 208 of the VRA. If you bring someone to help you and an election official does not let them help you, show the election official this flyer. If the election official still does not let that person help you vote, talk to the highest ranking official at the polling place or call our hotline: **1-888-API-VOTE**.

*1-888-API-VOTE: CALL FOR IN-LANGUAGE HELP ON ELECTION DAY*

*For more information on voting access for limited English-speaking voters, please visit: www.advancingjustice-aajc.org/language-rights.*